ਬ੍ਰਿਟਿਸ਼ ਕੋਲੰਬੀਆ ਵਿੱਚ ਹੋਮ ਵਾਰੰਟੀ ਇੰਸ਼ੋਰੈਂਸ

ਆਪਣੀ ਲਾਈ ਰਕਮ ਦੀ ਸੁਰੱਖਿਆ ਕਰਨ ਲਈ ਤੁਹਾਨੂੰ ਕੀ ਜਾਣਨ ਦੀ ਲੋੜ ਹੈ

BC HOUSING

ਹੋਮ ਵਾਰੰਟੀ ਨੂੰ ਸਮਝਣਾ 1
ਕਵਰੇਜ ਦੀ ਸਮਾਪਤੀ ਦੀਆਂ ਤਾਰੀਖਾਂ 2
ਜਾਣੋ ਕਿ ਕੀ ਕਵਰ ਕੀਤਾ ਗਿਆ ਹੈ 4
ਮੁੜ ਵਿਕਣ ਵਾਲੇ ਘਰ ਨੂੰ ਖਰੀਦਣਾ 6
ਆਪਣੇ ਦਸਤਾਵੇਜ਼ਾਂ ਦੀ ਸੁਰੱਖਿਆ ਕਰੋ 7
ਆਪਣੇ ਘਰ ਦੀ ਸੰਭਾਲ ਕਰੋ 8
ਕਲੇਮ ਕਰੋ 9
ਇਨਸਪੈਕਸ਼ਨਾਂ ਅਤੇ ਮੁਰੰਮਤਾਂ 10
ਵਿਵਾਦ ਦਾ ਹੱਲ 12
ਹੋਰ ਜਾਣੋ 14

ਹੋਮ ਵਾਰੰਟੀ ਇੰਸ਼ੋਰੈਂਸ ਨੂੰ ਸਮਝਣਾ

ਬ੍ਰਿਟਿਸ਼ ਕੋਲੰਬੀਆ ਵਿੱਚ ਨਵੇਂ ਘਰਾਂ ਦੇ ਖਰੀਦਦਾਰ ਖੁਸ਼ਕਿਸਮਤ ਹਨ ਕਿ ਉਹਨਾਂ ਨੂੰ ਕੈਨੇਡਾ ਵਿੱਚ ਉਸਾਰੀ (ਕੰਸਟਰੱਕਸ਼ਨ) ਦੇ ਨੁਕਸ ਦੀਆਂ ਇੰਸ਼ੋਰੈਂਸਾਂ ਵਿੱਚੋਂ ਸਭ ਤੋਂ ਮਜ਼ਬੂਤ ਦੁਆਰਾ ਸੁਰੱਖਿਅਤ ਕੀਤਾ ਜਾਂਦਾ ਹੈ। ਤੁਸੀਂ ਆਪਣੇ ਘਰ ਦੀ ਵਾਰੰਟੀ ਇੰਸ਼ੋਰੈਂਸ ਬਾਰੇ ਜਿੰਨਾ ਹੋ ਸਕੇ ਸਿੱਖ ਕੇ ਇਸ ਕਵਰੇਜ ਦਾ ਵੱਧ ਤੋਂ ਵੱਧ ਲਾਭ ਉਠਾ ਸਕਦੇ ਹੋ।

ਬੀ ਸੀ ਹਾਊਸਿੰਗ ਆਪਣੀ ਮੁਫ਼ਤ *ਗਾਈਡ ਟੂ ਹੋਮ ਵਾਰੰਟੀ ਇੰਸ਼ੋਰੈਂਸ ਇਨ ਬ੍ਰਿਟਿਸ਼ ਕੋਲੰਬੀਆ* ਵਿੱਚ ਮਦਦਗਾਰ ਜਾਣਕਾਰੀ ਪ੍ਰਦਾਨ ਕਰਦੀ ਹੈ, ਜਿਹੜੀ ਕਿ www.bchousing.org 'ਤੇ ਉਪਲਬਧ ਹੈ।

ਘਰ ਖਰੀਦਣਾ ਇੱਕ ਵੱਡਾ ਸੌਦਾ ਹੁੰਦਾ ਹੈ ਅਤੇ ਤੁਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹੋ ਕਿ ਇਹ ਚੰਗੀ ਤਰ੍ਹਾਂ ਸੁਰੱਖਿਅਤ ਹੋਵੇ। ਘਰ ਦੀ ਵਾਰੰਟੀ ਇੰਸ਼ੋਰੈਂਸ ਦੀਆਂ ਮੂਲ ਗੱਲਾਂ ਅਤੇ ਤੁਹਾਡੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰਨ ਲਈ ਇੱਥੇ ਕੁਝ ਸੁਝਾਅ ਦਿੱਤੇ ਗਏ ਹਨ।

ਕਵਰੇਜ ਸਮਾਪਤੀ ਦੀਆਂ ਤਾਰੀਖਾਂ ਲਿਖ ਕੇ ਰੱਖੋ

ਬੀ ਸੀ ਵਿੱਚ ਵੇਚਣ ਲਈ ਬਣਾਏ ਗਏ ਨਵੇਂ ਸਿੰਗਲ-ਫੈਮਲੀ ਅਤੇ ਮਲਟੀ-ਫੈਮਲੀ ਘਰਾਂ 'ਤੇ ਦਿੱਤੀ ਜਾਣ ਵਾਲੀ ਹੋਮ ਵਾਰੰਟੀ ਇੰਸ਼ੋਰੈਂਸ ਖਾਸ ਸਮੇਂ ਤੱਕ ਕੰਸਟਰੱਕਸ਼ਨ ਦੇ ਵੱਖ-ਵੱਖ ਨੁਕਸਾਂ ਤੋਂ ਸੁਰੱਖਿਆ ਦਿੰਦੀ ਹੈ। ਇਹ ਆਮ ਤੌਰ 'ਤੇ 2-5-10 ਹੋਮ ਵਾਰੰਟੀ ਇੰਸ਼ੋਰੈਂਸ ਵਜੋਂ ਜਾਣੀ ਜਾਂਦੀ ਹੈ, ਇਸ ਵਿੱਚ ਸ਼ਾਮਲ ਹਨ:

ਸਮਾਨ ਅਤੇ ਮਜ਼ਦੂਰੀ 'ਤੇ 2 ਸਾਲਾਂ ਦੀ ਕਵਰੇਜ

ਕੁਝ ਸੀਮਾਵਾਂ ਲਾਗੂ ਹੋ ਸਕਦੀਆਂ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਅਣਲੱਗਵੇਂ (ਡੀਟੈਚਡ) ਘਰਾਂ ਅਤੇ ਸਟਰਾਟਾ ਯੂਨਿਟਾਂ (ਫੀ-ਸਿੰਪਲ ਘਰਾਂ (ਪ੍ਰਾਪਰਟੀ ਦੀ ਪੂਰੀ ਮਾਲਕੀ ਵਾਲੇ ਘਰ) ਸਮੇਤ) ਲਈ ਸਮਾਨ (ਮੈਟੀਰੀਅਲ) ਅਤੇ ਮਜ਼ਦੂਰੀ (ਲੇਬਰ) ਦੇ ਨੁਕਸ ਲਈ 12 ਮਹੀਨਿਆਂ ਦੀ ਕਵਰੇਜ।
- ਮਲਟੀ-ਯੂਨਿਟ ਸਟਰਾਟਾ ਇਮਾਰਤਾਂ ਦੀ ਸਾਂਝੀ ਜਾਇਦਾਦ (ਕਾਮਨ ਪ੍ਰਾਪਰਟੀ) ਲਈ ਸਮਾਨ ਅਤੇ ਮਜ਼ਦੂਰੀ ਦੇ ਨੁਕਸ ਲਈ 15 ਮਹੀਨਿਆਂ ਦੀ ਕਵਰੇਜ।
- ਮੁੱਖ ਪ੍ਰਬੰਧ (ਬਿਜਲੀ, ਪਲੰਬਿੰਗ, ਹੀਟਿੰਗ, ਏਅਰ ਕੰਡੀਸ਼ਨਿੰਗ ਆਦਿ) ਲਈ ਸਮਾਨ ਅਤੇ ਮਜ਼ਦੂਰੀ ਦੇ ਨੁਕਸ ਲਈ 24 ਮਹੀਨਿਆਂ ਦੀ ਕਵਰੇਜ।

ਇਮਾਰਤ ਦੇ ਘੇਰੇ (ਐਨਵੈਲਪ) ‘ਤੇ 5 ਸਾਲਾਂ ਦੀ ਕਵਰੇਜ

- ਉਹਨਾਂ ਹਿੱਸਿਆਂ ਨੂੰ ਕਵਰ ਕਰਦੀ ਹੈ ਜਿਹੜੇ ਇਮਾਰਤ ਦੇ ਅੰਦਰਲੇ ਹਿੱਸੇ ਨੂੰ ਬਾਹਰਲੇ ਹਿੱਸੇ ਤੋਂ ਵੱਖ ਕਰਦੇ ਹਨ, ਜਿਵੇਂ ਕਿ ਬਾਹਰਲੀਆਂ ਕੰਧਾਂ, ਨੀਂਹ ਅਤੇ ਛੱਤ।
- ਇਸ ਵਿੱਚ ਅਣਚਾਹੇ ਪਾਣੀ ਦਾ ਅੰਦਰ ਆਉਣਾ ਸ਼ਾਮਲ ਹੈ।

ਇਮਾਰਤ ਦੇ ਢਾਂਚੇ ‘ਚ ਨੁਕਸਾਂ ‘ਤੇ 10 ਸਾਲਾਂ ਦੀ ਕਵਰੇਜ

- ਸਮਾਨ ਅਤੇ ਮਜ਼ਦੂਰੀ ਦੇ ਨੁਕਸਾਂ ਨੂੰ ਕਵਰ ਕਰਦਾ ਹੈ ਜਿਨ੍ਹਾਂ ਕਰਕੇ ਘਰ ਦਾ ਭਾਰ-ਚੁੱਕਣ ਵਾਲੇ ਹਿੱਸੇ ਨੂੰ ਨੁਕਸਾਨ ਹੁੰਦਾ ਹੈ।
- ਕਿਸੇ ਵੀ ਨੁਕਸ ਨੂੰ ਕਵਰ ਕਰਦੀ ਹੈ ਜਿਹੜਾ ਢਾਂਚੇ ਦੇ ਨੁਕਸਾਨ (ਸਟਰੱਕਚਰਲ ਡੈਮੇਜ) ਦਾ ਕਾਰਨ ਬਣਦਾ ਹੈ ਅਤੇ ਸੁਰੱਖਿਆ ਨਾਲ ਰਹਿਣ ਲਈ ਘਰ ਦੀ ਵਰਤੋਂ ਕਰਨ ਉਪਰ ਅਸਰ ਪਾਉਂਦਾ ਹੈ।

ਆਪਣੀ ਪਾਲਿਸੀ ਨੂੰ ਚੰਗੀ ਤਰ੍ਹਾਂ ਪੜ੍ਹੋ ਅਤੇ ਇਸ ਵਿੱਚ ਕੀ ਕੁਝ ਕਵਰ ਕੀਤਾ ਗਿਆ ਹੈ, ਸਮਾਪਤੀ ਦੀਆਂ ਤਾਰੀਖਾਂ ਅਤੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਨੋਟ ਕਰੋ। ਹਰੇਕ ਸਮਾਪਤੀ ਦੀ ਤਾਰੀਖ ਤੋਂ ਪਹਿਲਾਂ, ਕਿਸੇ ਵੀ ਸਮੱਸਿਆ ਨੂੰ ਲੱਭਣ ਲਈ ਆਪਣੇ ਘਰ ਦੀ ਜਾਂਚ ਕਰੋ। ਸਟਰਾਟਾ ਵਾਲੀਆਂ ਪ੍ਰਾਪਰਟੀਆਂ ਵਿੱਚ ਹਰੇਕ ਯੂਨਿਟ ਅਤੇ ਸਾਂਝੀ ਜਾਇਦਾਦ ਲਈ ਸਮਾਪਤੀ ਦੀਆਂ ਤਾਰੀਖਾਂ ਵੱਖ-ਵੱਖ ਹੋ ਸਕਦੀਆਂ ਹਨ।

ਜਾਣੋ ਕਿ ਕੀ ਕਵਰ ਕੀਤਾ ਗਿਆ ਹੈ

ਆਪਣੀ ਪਾਲਿਸੀ ਦੀ ਪੜਚੋਲ ਕਰੋ ਅਤੇ ਪੱਕਾ ਕਰੋ ਕਿ ਤੁਸੀਂ ਆਪਣੀ ਕਵਰੇਜ ਦੀ ਹੱਦ ਅਤੇ ਸੀਮਾਵਾਂ ਨੂੰ ਸਮਝਦੇ ਹੋ।

ਨਵੇਂ ਘਰ ਦੇ ਕੁਝ ਹਿੱਸੇ ਹੋ ਸਕਦਾ ਹੈ ਕਿ ਵਾਰੰਟੀ ਦੁਆਰਾ ਕਵਰ ਨਾ ਕੀਤੇ ਗਏ ਹੋਣ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਆਮ ਘਸਾਈ, ਕੁਦਰਤ ਦੀ ਆਫ਼ਤ, ਲੈਂਡ-ਸਕੇਪਿੰਗ, ਫੈਂਸ, ਪੈਟੀਓ, ਅਣਲੱਗਵੇਂ ਢਾਂਚੇ ਜਿਵੇਂ ਸ਼ੈੱਡ, ਕਾਰਪੋਰਟ ਜਾਂ ਗਰਾਜ ਜਾਂ ਢੁਕਵੀਂ ਸੰਭਾਲ ਨਾ ਕਰਨਾ।
- ਡਿਜ਼ਾਈਨ, ਸਮਾਨ ਜਾਂ ਮਜ਼ਦੂਰੀ ਮਾਲਕ ਦੁਆਰਾ ਸਪਲਾਈ ਕੀਤੀ ਗਈ ਹੋਵੇ ਜਾਂ ਬਿਲਡਰ, ਉਨ੍ਹਾਂ ਦੇ ਕਰਮਚਾਰੀਆਂ ਜਾਂ ਉਨ੍ਹਾਂ ਦੁਆਰਾ ਠੇਕੇ 'ਤੇ ਕੀਤੇ ਕਾਰੀਗਰਾਂ (ਸਬਟਰੇਡਜ਼) ਤੋਂ ਇਲਾਵਾ ਕਿਸੇ ਹੋਰ ਦੁਆਰਾ ਸਪਲਾਈ ਕੀਤੀ ਗਈ ਹੋਵੇ।

ਬ੍ਰਿਟਿਸ਼ ਕੋਲੰਬੀਆ ਵਿੱਚ ਹੋਮ ਵਾਰੰਟੀ ਇੰਸ਼ੋਰੈਂਸ ਦੀ ਗਾਈਡ ਵਿੱਚ ਕਵਰ ਨਾ ਕੀਤੀਆਂ ਜਾਣ ਵਾਲੀਆਂ ਚੀਜ਼ਾਂ ਬਾਰੇ ਹੋਰ ਜਾਣੋ।

ਤੁਸੀਂ www.bchousing.org 'ਤੇ ਬੀ ਸੀ ਹਾਊਸਿੰਗ ਦੀ ਮੁਫ਼ਤ ਰੈਜ਼ੀਡੈਂਸ਼ੀਅਲ ਕੰਸਟਰੱਕਸ਼ਨ ਪਰਫਾਰਮੈਂਸ ਗਾਈਡ ਦੀ ਵੀ ਖੋਜ ਕਰ ਸਕਦੇ ਹੋ। ਇਹ ਦੱਸਦੀ ਹੈ ਕਿ ਨਵੇਂ ਘਰਾਂ ਨੂੰ ਕਿਵੇਂ ਸਹੀ ਤਰੀਕੇ ਨਾਲ ਕੰਮ ਕਰਨਾ ਚਾਹੀਦਾ ਹੈ ਅਤੇ ਕਿਹੜੇ ਨੁਕਸ – ਡਿਜ਼ਾਈਨ, ਸਮਾਨ ਜਾਂ ਕਾਰੀਗਰੀ ਸਮੇਤ – ਬ੍ਰਿਟਿਸ਼ ਕੋਲੰਬੀਆ ਵਿੱਚ ਹੋਮ ਵਾਰੰਟੀ ਇੰਸ਼ੋਰੈਂਸ ਦੇ ਅਧੀਨ ਕਵਰ ਕੀਤੇ ਗਏ ਹੋ ਸਕਦੇ ਹਨ।

ਘਰ ਖਰੀਦਣਾ ਇੱਕ ਵੱਡਾ ਨਿਵੇਸ਼ ਹੁੰਦਾ ਹੈ ਅਤੇ ਤੁਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹੋ ਕਿ ਇਹ ਚੰਗੀ ਤਰ੍ਹਾਂ ਸੁਰੱਖਿਅਤ ਹੋਵੇ।

ਮੁੜ ਵਿਕਣ ਵਾਲੇ ਘਰ ਨੂੰ ਖਰੀਦਣਾ

ਕਿਉਂਕਿ ਵਾਰੰਟੀ ਘਰ ‘ਤੇ ਲਾਗੂ ਹੁੰਦੀ ਹੈ ਨਾ ਕਿ ਮਾਲਕ ’ਤੇ, ਇਸ ਲਈ ਜੇਕਰ ਘਰ ਜਾਂ ਯੂਨਿਟ ਵਾਰੰਟੀ ਦੀ ਮਿਆਦ ਦੇ ਅੰਦਰ ਵਿਕਦਾ ਹੈ ਤਾਂ ਇਹ ਆਪਣੇ ਆਪ ਨਵੇਂ ਮਾਲਕ ਨੂੰ ਤਬਦੀਲ ਹੋ ਜਾਂਦੀ ਹੈ। ਹੋਮ ਵਾਰੰਟੀ ਇੰਸ਼ੋਰੈਂਸ ਦੇ ਨਾਲ ਮੁੜ ਵਿਕਣ ਵਾਲਾ (ਰੀਸੇਲ) ਘਰ ਖਰੀਦਣ ਵੇਲੇ ਲਈ ਇੱਥੇ ਕੁਝ ਸੁਝਾਅ ਹਨ:

- ਵਿੱਕਰੀ ਦੀ ਕਾਰਵਾਈ ਮੁਕੰਮਲ ਕਰਨ ਤੋਂ ਪਹਿਲਾਂ, ਕਵਰੇਜ ਦੀ ਸਮਾਪਤੀ ਦੀਆਂ ਤਾਰੀਖਾਂ ਦਾ ਪਤਾ ਲਗਾਉਣ ਲਈ ਪਾਲਿਸੀ ਦੇ ਦਸਤਾਵੇਜ਼ਾਂ ਦੀ ਪੜਚੋਲ ਕਰੋ ਅਤੇ ਵੇਚਣ ਵਾਲੇ ਤੋਂ ਪੁੱਛੋ ਕਿ ਕੀ ਕੋਈ ਕਲੇਮ ਕੀਤੇ ਗਏ ਹਨ ਜਾਂ ਬਕਾਇਆ ਹਨ। ਸਿਰਫ਼ ਇੱਕ ਮਾਲਕ ਹੀ ਵਾਰੰਟੀ ਦੇਣ ਵਾਲੇ ਤੋਂ ਦਾਅਵਿਆਂ ਦੇ ਇਤਿਹਾਸ (ਕਲੇਮ ਹਿਸਟਰੀ) ਦੀ ਰਿਪੋਰਟ ਪ੍ਰਾਪਤ ਕਰਨ ਦਾ ਹੱਕਦਾਰ ਹੈ (25 ਡਾਲਰ ਤੱਕ ਦੀ ਫੀਸ ਨਾਲ ਉਪਲਬਧ), ਇਸ ਲਈ ਇਸ ਨੂੰ ਵਿੱਕਰੀ ਦੀ ਇੱਕ ਸ਼ਰਤ ਬਣਾਉਣਾ ਤੁਹਾਡੇ ਲਈ ਚੰਗਾ ਹੋ ਸਕਦਾ ਹੈ।
- ਜੇਕਰ ਘਰ 19 ਨਵੰਬਰ, 2007 ਤੋਂ ਬਾਅਦ ਜਾਰੀ ਕੀਤੇ ਗਏ ਬਿਲਡਿੰਗ ਪਰਮਿਟ ਨਾਲ ਬਣਾਇਆ ਗਿਆ ਸੀ, ਤਾਂ ਤੁਸੀਂ ਇਸ ਨੂੰ ਬੀ ਸੀ ਹਾਊਸਿੰਗ ਦੀ ਨਿਊ ਹੋਮਜ਼ ਰਜਿਸਟਰੀ ‘ਤੇ ਔਨਲਾਈਨ ਦੇਖ ਸਕਦੇ ਹੋ, ਜੋ ਕਿ ਕਾਨੂੰਨੀ ਐਡਰੈੱਸ ਜਾਂ

ਘਰ ਦੇ ਐਡਰੈੱਸ ਨਾਲ ਲੱਭਿਆ ਜਾ ਸਕਦਾ ਹੈ। ਇਹ ਤੁਹਾਨੂੰ ਵਾਰੰਟੀ ਦੇਣ ਵਾਲੇ ਦੇ ਨਾਮ ਸਮੇਤ ਦੱਸੇਗਾ ਕਿ ਕੀ ਘਰ ਦੀ ਹੋਮ ਵਾਰੰਟੀ ਇੰਸ਼ੋਰੈਂਸ ਪਾਲਿਸੀ ਹੈ, ਜਾਂ ਕੀ ਘਰ ਕਿਸੇ ਬਿਲਡਰ ਮਾਲਕ ਦੁਆਰਾ ਬਣਾਇਆ ਗਿਆ ਸੀ। ਜੇਕਰ ਤੁਹਾਨੂੰ ਐਡਰੈੱਸ ਬਾਰੇ ਜਾਣਕਾਰੀ ਨਹੀਂ ਲੱਭਦੀ ਅਤੇ ਤੁਹਾਨੂੰ ਲੱਗਦਾ ਹੈ ਕਿ ਘਰ 10 ਸਾਲ ਤੋਂ ਘੱਟ ਪੁਰਾਣਾ ਹੈ, ਤਾਂ ਵਧੇਰੇ ਜਾਣਕਾਰੀ ਲਈ ਬੀ ਸੀ ਹਾਊਸਿੰਗ ਦੀ ਲਸੰਸ ਦੇਣ ਵਾਲੀ ਅਤੇ ਖਪਤਕਾਰ ਸੇਵਾਵਾਂ (ਲਾਇਸੈਂਸਿੰਗ ਐਂਡ ਕਨਜ਼ਿਊਮਰ ਸਰਵਿਸਿਜ਼) ਦੀ ਸ਼ਾਖਾ ਨੂੰ ਕਾਲ ਕਰੋ।

- ਇਹ ਯਕੀਨੀ ਬਣਾਓ ਕਿ ਤੁਸੀਂ ਪਾਲਿਸੀ ਦੇ ਦਸਤਾਵੇਜ਼, ਮੇਨਟੇਨੈਂਸ ਮੈਨੂਅਲ (ਜੇਕਰ ਮੁਢਲੇ ਖਰੀਦਦਾਰ ਨੂੰ ਕੋਈ ਪ੍ਰਦਾਨ ਕੀਤੀ ਗਈ ਸੀ; ਜੇ ਨਹੀਂ, ਤਾਂ ਆਪਣੇ ਬਿਲਡਰ ਨੂੰ ਪੁੱਛੋ ਜਾਂ ਵਾਰੰਟੀ ਦੇਣ ਵਾਲੇ ਦੀ ਵੈੱਬਸਾਈਟ 'ਤੇ ਦੇਖੋ) ਅਤੇ ਉਤਪਾਦਕਾਂ (ਮੈਨੂਫੈਕਚਰਰਜ਼) ਤੋਂ ਮਿਲੀਆਂ ਹੋਰ ਮੈਨੂਅਲਾਂ ਅਤੇ ਉਪਕਰਨਾਂ, ਉਤਪਾਦਾਂ ਜਾਂ ਸਿਸਟਮਾਂ ਦੀਆਂ ਵਾਰੰਟੀਆਂ ਦੇ ਦਸਤਾਵੇਜ਼ ਪ੍ਰਾਪਤ ਕਰੋ।

ਆਪਣੇ ਦਸਤਾਵੇਜ਼ਾਂ ਦੀ ਸੁਰੱਖਿਆ ਕਰੋ

ਵਾਰੰਟੀ ਦੀ ਇੰਸ਼ੋਰੈਂਸ ਪਾਲਿਸੀ ਨੂੰ ਘਰ ਨਾਲ ਸੰਬੰਧਿਤ ਆਪਣੇ ਹੋਰ ਦਸਤਾਵੇਜ਼ਾਂ, ਜਿਵੇਂ ਕਿ ਮੇਨਟੇਨੈਂਸ ਮੈਨੂਅਲ, ਉਪਕਰਨਾਂ ਦੀਆਂ ਮੈਨੂਅਲਾਂ, ਵਾਕ-ਥਰੂ ਇੰਸਪੈਕਸ਼ਨ ਰਿਪੋਰਟ ਅਤੇ ਹੋਰ ਵਾਰੰਟੀਆਂ ਦੇ ਨਾਲ ਇੱਕ ਸੁਰੱਖਿਅਤ ਜਗ੍ਹਾ 'ਤੇ ਸੰਭਾਲ ਕੇ ਰੱਖੋ। ਜੇਕਰ ਤੁਸੀਂ ਘਰ ਵੇਚਦੇ ਹੋ ਤਾਂ ਤੁਹਾਨੂੰ ਇਹ ਦਸਤਾਵੇਜ਼ ਨਵੇਂ ਮਾਲਕ ਨੂੰ ਦੇਣ ਦੀ ਲੋੜ ਹੋਵੇਗੀ।

ਆਪਣੇ ਘਰ ਦੀ ਸੰਭਾਲ ਕਰੋ

ਘਰ ਦੀ ਸੰਭਾਲ ਕਰਨ ਲਈ ਘਰ ਦੇ ਮਾਲਕ ਜ਼ਿੰਮੇਵਾਰ ਹਨ, ਇਸ ਲਈ ਯਕੀਨੀ ਬਣਾਓ ਕਿ ਤੁਸੀਂ ਆਪਣੀ ਵਾਰੰਟੀ ਦੀ ਮੇਨਟੇਨੈਂਸ ਮੈਨੂਅਲ ਪੜ੍ਹੀ ਹੈ ਅਤੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਜਾਣਦੇ ਹੋ। ਆਪਣੇ ਘਰ ਦੀ ਸੰਭਾਲ ਤੁਹਾਡੀ ਲਾਈ ਰਕਮ ਅਤੇ ਤੁਹਾਡੀ ਇੰਸ਼ੋਰੈਂਸ ਦੀ ਕਵਰੇਜ ਦੋਵਾਂ ਦੀ ਰੱਖਿਆ ਕਰੇਗੀ।

ਜੇਕਰ ਤੁਸੀਂ ਨਵੇਂ ਘਰ ਦੇ ਪਹਿਲੇ ਮਾਲਕ ਹੋ, ਤਾਂ ਇਹ ਯਕੀਨੀ ਬਣਾਓ ਕਿ ਤੁਹਾਨੂੰ ਬਿਲਡਰ ਜਾਂ ਵਾਰੰਟੀ ਦੇਣ ਵਾਲੇ ਤੋਂ ਮੇਨਟੇਨੈਂਸ ਮੈਨੂਅਲ ਦੀ ਇੱਕ ਕਾਪੀ ਪ੍ਰਾਪਤ ਹੋਵੇ (ਜੇਕਰ ਤੁਸੀਂ ਮੁੜ ਵਿਕਣ ਵਾਲਾ ਘਰ ਖਰੀਦ ਰਹੇ ਹੋ, ਤਾਂ ਇਸ ਨੂੰ ਵੇਚਣ ਵਾਲੇ ਤੋਂ ਪ੍ਰਾਪਤ ਕਰੋ)। ਜੇਕਰ ਤੁਹਾਨੂੰ ਆਪਣੀ ਮੇਨਟੇਨੈਂਸ ਮੈਨੂਅਲ ਨਹੀਂ ਮਿਲੀ, ਤਾਂ ਆਪਣੇ ਬਿਲਡਰ ਤੋਂ ਪੁੱਛਣਾ ਸਭ ਤੋਂ ਵੱਧ ਢੁਕਵਾਂ ਹੋਵੇਗਾ ਜਿਹੜਾ ਤੁਹਾਨੂੰ ਸਲਾਹ ਦੇ ਸਕਦਾ ਹੈ ਕਿ ਕੀ ਤੁਹਾਡੇ ਘਰ ਵਿੱਚ ਕਿਸੇ ਵੀ ਚੀਜ਼ (ਫਿਨਿਸ਼ਿੰਗ) ਲਈ ਖਾਸ ਸੰਭਾਲ ਕਰਨ ਦੀਆਂ ਜ਼ਰੂਰਤਾਂ ਹਨ ਅਤੇ ਤੁਹਾਡੇ ਘਰ ਲਈ ਕੋਈ ਖਾਸ ਮੈਨੂਅਲ ਪ੍ਰਦਾਨ ਕਰ ਸਕਦਾ ਹੈ।

ਜ਼ਿਆਦਾਤਰ ਵਾਰੰਟੀ ਦੇਣ ਵਾਲਿਆਂ ਦੀ ਵੈੱਬਸਾਈਟ ‘ਤੇ ਇੱਕ ਆਮ ਮੇਨਟੇਨੈਂਸ ਮੈਨੂਅਲ ਉਪਲਬਧ ਹੁੰਦੀ ਹੈ। ਇਸ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਦੀ ਪਾਲਣਾ ਕਰੋ। ਜੇਕਰ ਘਰ ਦੇ ਮਾਲਕ ਨੂੰ ਮੈਨੂਅਲ ਮਿਲਦੀ ਹੈ ਅਤੇ ਉਹ ਸਿਫ਼ਾਰਸ਼ ਕੀਤੇ ਗਏ ਅਨੁਸਾਰ ਸੰਭਾਲ ਨਹੀਂ ਕਰਦਾ ਤਾਂ ਵਾਰੰਟੀ ਦੇਣ ਵਾਲੇ ਅਣਗਹਿਲੀ ਜਾਂ ਅਢੁਕਵੀਂ ਸੰਭਾਲ ਲਈ ਕਵਰੇਜ ਤੋਂ ਇਨਕਾਰ ਕਰ ਸਕਦੇ ਹਨ।

ਤੁਸੀਂ ਸੰਭਾਲ ਕਰਨ ਦੇ ਕਈ ਵਿਸ਼ਿਆਂ ਉੱਪਰ ਮਦਦਗਾਰ ਸੁਝਾਵਾਂ ਅਤੇ ਚੁੱਕੇ ਜਾਣ ਵਾਲੇ ਕਦਮਾਂ ਦੀਆਂ ਸੂਚੀਆਂ ਦੇਖਣ ਲਈ www.bchousing.org ‘ਤੇ *ਮੇਨਟੇਨੈਂਸ ਮੈਟਰਜ਼* ਦੀਆਂ ਵੀਡੀਓ ਅਤੇ ਬੁਲਿਟਿਨ ਵੀ ਦੇਖ ਸਕਦੇ ਹੋ।

ਕਲੇਮ ਕਰੋ

ਜੇਕਰ ਤੁਹਾਨੂੰ ਆਪਣੇ ਬਿਲਡਰ ਦੁਆਰਾ ਹੱਲ ਨਾ ਕੀਤੇ ਗਏ ਨੁਕਸਾਂ ਲਈ ਕਲੇਮ ਕਰਨ ਦੀ ਲੋੜ ਪੈਂਦੀ ਹੈ, ਤਾਂ ਪੱਕਾ ਕਰੋ ਕਿ ਆਪਣੇ ਵਾਰੰਟੀ ਦੇਣ ਵਾਲੇ ਅਤੇ ਆਪਣੇ ਬਿਲਡਰ ਦੋਵਾਂ ਨੂੰ ਵੇਰਵੇ ਭੇਜੇ ਜਾਣ। ਕਵਰ ਕੀਤੇ ਜਾਣ ਲਈ, *ਤੁਹਾਡੇ ਲਈ ਵਾਰੰਟੀ ਦੀ ਕਵਰੇਜ ਦੀ ਸਮਾਪਤੀ ਤੋਂ ਪਹਿਲਾਂ ਵਾਰੰਟੀ ਦੇਣ ਵਾਲੇ ਅਤੇ ਆਪਣੇ ਬਿਲਡਰ ਨੂੰ ਲਿਖਤੀ ਰੂਪ ਵਿੱਚ ਸਮੱਸਿਆ ਦੀ ਰਿਪੋਰਟ ਕਰਨੀ ਜ਼ਰੂਰੀ ਹੈ।*

ਸਟਰਾਟਾ ਵਾਲੇ ਘਰਾਂ ਲਈ, ਯੂਨਿਟ ਦੀਆਂ ਸਮੱਸਿਆਵਾਂ ਦੀ ਰਿਪੋਰਟ ਵਾਰੰਟੀ ਦੇਣ ਵਾਲੇ ਨੂੰ ਕਰੋ, ਅਤੇ ਸਾਂਝੀ ਜਾਇਦਾਦ ਨਾਲ ਸੰਬੰਧਿਤ ਸਮੱਸਿਆਵਾਂ ਦੀ ਰਿਪੋਰਟ ਸਟਰਾਟਾ ਕੌਂਸਲ ਅਤੇ/ਜਾਂ ਬਿਲਡਿੰਗ ਦੇ ਮੈਨੇਜਰ ਨੂੰ ਕਰੋ। ਨੁਕਸਾਂ ਅਤੇ ਕਲੇਮਾਂ ਨਾਲ ਸੰਬੰਧਿਤ ਸਾਰੇ ਪੱਤਰ ਵਿਹਾਰ ਦੀਆਂ ਕਾਪੀਆਂ ਸੰਭਾਲ ਕੇ ਰੱਖੋ।

ਕਿਸੇ ਨੁਕਸ ਤੋਂ ਹੋਰ ਨੁਕਸਾਨ ਨੂੰ ਘੱਟ ਤੋਂ ਘੱਟ ਕਰਨ ਲਈ ਵਾਜਬ ਕਦਮ ਚੁੱਕਣਾ ਵੀ ਜ਼ਰੂਰੀ ਹੈ। ਜੇਕਰ ਕੋਈ ਮਾਲਕ ਹੋਰ ਨੁਕਸਾਨ ਨੂੰ ਰੋਕਣ ਜਾਂ ਘੱਟ ਤੋਂ ਘੱਟ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਕਵਰੇਜ ਰੋਕੀ ਜਾ ਸਕਦੀ ਹੈ।

ਇਨਸਪੈਕਸ਼ਨਾਂ ਅਤੇ ਮੁਰੰਮਤਾਂ

ਤੁਹਾਡੇ ਕਲੇਮ ਵਾਲਾ ਪੱਤਰ ਪ੍ਰਾਪਤ ਕਰਨ ਤੋਂ ਬਾਅਦ, ਵਾਰੰਟੀ ਦੇਣ ਵਾਲੇ ਜਾਂ ਮੂਲ ਬਿਲਡਰ ਲਈ ਸੰਭਾਵੀ ਨੁਕਸ ਦੇ ਮੁਲਾਂਕਣ ਦਾ ਪ੍ਰਬੰਧ ਕਰਨ ਲਈ ਤੁਹਾਡੇ ਨਾਲ ਸੰਪਰਕ ਕਰਨ ਲਈ ਵਾਜਬ ਕੋਸ਼ਿਸ਼ਾਂ ਕਰਨੀਆਂ ਜ਼ਰੂਰੀ ਹਨ।

ਤੁਹਾਡੇ ਲਈ ਵਾਰੰਟੀ ਦੇਣ ਵਾਲੇ ਜਾਂ ਮੂਲ ਬਿਲਡਰ ਨੂੰ ਕਲੇਮਾਂ ਦੀ ਤਫਤੀਸ਼ ਕਰਨ, ਤੁਹਾਡੇ ਦੁਆਰਾ ਰਿਪੋਰਟ ਕੀਤੇ ਗਏ ਨੁਕਸਾਨ ਦੀ ਜਾਂਚ ਕਰਨ ਅਤੇ ਸੰਭਾਲ ਕਰਨ ਦੀਆਂ ਜ਼ਰੂਰਤਾਂ ਦੀ ਜਾਂਚ ਕਰਨ ਲਈ ਆਪਣੇ ਘਰ ਵਿੱਚ ਸੁਵਿਧਾਜਨਕ ਸਮੇਂ ‘ਤੇ ਦਾਖਲੇ ਦੀ ਇਜਾਜ਼ਤ ਦੇਣੀ ਜ਼ਰੂਰੀ ਹੈ, ਬਸ਼ਰਤੇ ਤੁਹਾਨੂੰ ਪਹਿਲਾਂ ਤੋਂ ਨੋਟਿਸ ਦਿੱਤਾ ਜਾਵੇ। ਤੁਹਾਡੇ ਲਈ ਵਾਰੰਟੀ ਦੇਣ ਵਾਲੇ ਨੂੰ ਕਲੇਮ ਦੀ ਸਹੀ ਢੰਗ ਨਾਲ ਜਾਂਚ ਕਰਨ ਲਈ ਲੋੜੀਂਦੀ ਸਾਰੀ ਜਾਣਕਾਰੀ ਅਤੇ ਦਸਤਾਵੇਜ਼ ਦੇਣੇ ਵੀ ਜ਼ਰੂਰੀ ਹਨ। ਇਸ ਤੋਂ ਇਲਾਵਾ, ਤੁਹਾਨੂੰ ਬਿਲਡਰ ਅਤੇ ਕੰਮ ਕਰਨ ਵਾਲੇ ਕਾਰੀਗਰਾਂ ਨੂੰ ਮੁਰੰਮਤ ਕਰਨ ਲਈ ਘਰ ਵਿੱਚ ਵਾਜਬ ਦਾਖਲਾ ਦੇਣ ਦੀ ਵੀ ਲੋੜ ਹੈ।

ਮੁਰੰਮਤ ਦਾ ਕੰਮ ਮੌਸਮ ਦੀਆਂ ਹਾਲਤਾਂ ਅਤੇ ਸਮਾਨ ਅਤੇ ਮਜ਼ਦੂਰਾਂ ਦੀ ਉਪਲਬਧਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਸਮੇਂ ਸਿਰ ਕੀਤਾ ਜਾਣਾ ਜ਼ਰੂਰੀ ਹੈ। ਮਾਲਕ ਹੋਣ ਦੇ ਨਾਤੇ, ਤੁਹਾਨੂੰ ਵਾਰੰਟੀ ਵਿੱਚ ਕੀਤੀ ਮੁਰੰਮਤ ਦਾ ਸਾਰ ਪ੍ਰਾਪਤ ਹੋਣਾ ਚਾਹੀਦਾ ਹੈ, ਜਿਸ ਵਿੱਚ ਮੁਰੰਮਤਾਂ ਅਤੇ ਬਦਲੀਆਂ ਗਈਆਂ ਚੀਜ਼ਾਂ ‘ਤੇ ਇੱਕ ਸਾਲ ਦੀ ਵਾਰੰਟੀ ਸ਼ਾਮਲ ਹੈ।

ਘਰ ਦੀ ਸੰਭਾਲ ਕਰਨ ਲਈ ਘਰ ਦੇ ਮਾਲਕ ਜ਼ਿੰਮੇਵਾਰ ਹਨ। ਆਪਣੀਆਂ ਜ਼ਿੰਮੇਵਾਰੀਆਂ ਨੂੰ ਜਾਣੋ ਅਤੇ ਯਕੀਨੀ ਬਣਾਓ ਕਿ ਤੁਸੀਂ ਆਪਣੀ ਵਾਰੰਟੀ ਦੀ ਮੇਨਟੇਨੈਂਸ ਮੈਨੂਅਲ ਨੂੰ ਪੜ੍ਹਿਆ ਹੈ।

ਜੇਕਰ ਤੁਹਾਨੂੰ ਆਪਣੇ ਬਿਲਡਰ ਦੁਆਰਾ ਹੱਲ ਨਾ ਕੀਤੇ ਗਏ ਨੁਕਸਾਂ ਲਈ ਕਲੇਮ ਕਰਨ ਦੀ ਲੋੜ ਪੈਂਦੀ ਹੈ, ਤਾਂ ਤੁਸੀਂ ਆਪਣੇ ਵਾਰੰਟੀ ਦੇਣ ਵਾਲੇ ਅਤੇ ਆਪਣੇ ਬਿਲਡਰ ਦੋਵਾਂ ਨੂੰ ਵੇਰਵੇ ਭੇਜਣ ਨੂੰ ਯਕੀਨੀ ਬਣਾਓ।

ਵਿਵਾਦ ਨਿਪਟਾਰਾ

ਜੇਕਰ ਵਾਰੰਟੀ ਦੇਣ ਵਾਲਾ ਤੁਹਾਡੇ ਕਲੇਮ ਨੂੰ ਪ੍ਰਾਪਤ ਕਰਨ ਤੋਂ ਬਾਅਦ ਰੱਦ ਕਰ ਦਿੰਦਾ ਹੈ, ਤਾਂ ਕੰਪਨੀ ਲਈ ਤੁਹਾਨੂੰ ਲਿਖਤੀ ਰੂਪ ਵਿੱਚ ਕਾਰਨ ਦੱਸਣੇ ਜ਼ਰੂਰੀ ਹਨ।

ਜੇਕਰ ਤੁਸੀਂ ਆਪਣੇ ਵਾਰੰਟੀ ਦੇਣ ਵਾਲੇ ਦੁਆਰਾ ਲਏ ਗਏ ਕਲੇਮ ਦੇ ਫੈਸਲੇ ਨਾਲ ਅਸਹਿਮਤ ਹੋ, ਤਾਂ ਤੁਹਾਨੂੰ ਵਾਰੰਟੀ ਦੇਣ ਵਾਲੇ ਦੀ ਵੈੱਬਸਾਈਟ 'ਤੇ ਵਿਵਾਦ ਨਿਪਟਾਰਾ ਕਾਰਵਾਈ 'ਤੇ ਝਾਤ ਮਾਰਨੀ ਚਾਹੀਦੀ ਹੈ। ਆਮ ਤੌਰ 'ਤੇ ਕਾਰਵਾਈ ਤੁਹਾਡੀਆਂ ਚਿੰਤਾਵਾਂ ਨੂੰ ਹੱਲ ਕਰਨ ਵਿੱਚ ਮਦਦ ਕਰਨ ਲਈ ਕਈ ਚੋਣਾਂ ਦੀ ਰੂਪਰੇਖਾ ਦੇਵੇਗੀ:

- ਆਪਣੇ ਕਲੇਮ ਦੇ ਪ੍ਰਤੀਨਿਧੀ ਨਾਲ ਹਾਲਤ ਬਾਰੇ ਵਿਚਾਰ -ਵਟਾਂਦਰਾ ਕਰੋ। ਜੇਕਰ ਇਸ ਨਾਲ ਤੁਹਾਡੀ ਸ਼ਿਕਾਇਤ ਦਾ ਹੱਲ ਨਹੀਂ ਨਿਕਲਦਾ, ਤਾਂ ਆਪਣੀਆਂ ਚਿੰਤਾਵਾਂ ਨੂੰ ਕਿਸੇ ਮੈਨੇਜਰ ਨੂੰ ਭੇਜੋ ਜਿਹੜਾ ਤੁਹਾਡੀਆਂ ਚਿੰਤਾਵਾਂ ਦੀ ਸਮੀਖਿਆ ਕਰ ਸਕੇ ਅਤੇ ਉਹਨਾਂ ਦਾ ਅੱਗੇ ਕੋਈ ਹੱਲ ਕਰ ਸਕੇ।
- ਵਾਰੰਟੀ ਦੇਣ ਵਾਲੇ ਕੋਲ ਇੱਕ ਲੋਕਪਾਲ ਜਾਂ ਸ਼ਿਕਾਇਤ ਸੰਪਰਕ ਅਧਿਕਾਰੀ ਹੋਣਾ ਜ਼ਰੂਰੀ ਹੈ ਜਿਸ ਦੇ ਧਿਆਨ ਵਿੱਚ ਤੁਸੀਂ ਆਪਣੀਆਂ ਚਿੰਤਾਵਾਂ ਲਿਆ ਸਕਦੇ ਹੋ। ਲੋਕਪਾਲ ਤੁਹਾਡੇ ਅਤੇ ਵਾਰੰਟੀ ਦੇਣ ਵਾਲੇ ਵਿਚਕਾਰ ਸੰਪਰਕ ਵਜੋਂ ਕੰਮ ਕਰਕੇ ਹਾਲਤ ਦਾ ਕੋਈ ਹੱਲ ਕੱਢਣ ਦੀ ਕੋਸ਼ਿਸ਼ ਕਰੇਗਾ।
- *ਹੋਮ ਓਨਰ ਪ੍ਰੋਟੈਕਸ਼ਨ ਐਕਟ* ਅਤੇ ਇਸ ਦੀਆਂ ਰੈਗੂਲੇਸ਼ਨਜ਼ ਮਾਲਕਾਂ ਨੂੰ ਕਵਰੇਜ ਦੀ ਸਮਾਪਤੀ ਦੀ ਮਿਤੀ ਤੋਂ ਪਹਿਲਾਂ ਦਾਇਰ ਕੀਤੇ ਗਏ ਕਲੇਮਾਂ 'ਤੇ ਆਪਣੇ ਵਾਰੰਟੀ ਦੇਣ ਵਾਲਿਆਂ ਨਾਲ ਵਿਵਾਦਾਂ ਦੀ ਲਾਜ਼ਮੀ ਸਾਲਸੀ (ਮੈਂਡਾਟੋਰੀ ਮੀਡੀਏਸ਼ਨ) ਦੀ ਕਾਰਵਾਈ ਸ਼ੁਰੂ ਕਰਨ ਦੀ ਆਗਿਆ ਦਿੰਦੀਆਂ ਹਨ। ਇਹ ਕਾਰਵਾਈ ਤੁਹਾਡੀ ਪਾਲਿਸੀ ਅਤੇ ਬੀਸੀ ਹਾਊਸਿੰਗ ਦੀ ਵੈੱਬਸਾਈਟ 'ਤੇ ਦੱਸੀ ਗਈ ਹੈ।

ਵਿਵਾਦ ਨਿਪਟਾਰੇ ਬਾਰੇ ਵਧੇਰੇ ਜਾਣਕਾਰੀ ਲਈ, www.bchousing.org ਤੋਂ ਰਿਹਾਇਸ਼ੀ ਉਸਾਰੀ ਦੇ ਵਿਵਾਦਾਂ ਲਈ ਚੋਣਾਂ *(ਆਪਸ਼ਨਜ਼ ਫਾਰ ਰੈਜ਼ੀਡੈਂਸ਼ੀਅਲ ਕੰਸਟਰੱਕਸ਼ਨ ਡਿਸਪਿਊਟਸ)* ਨਾਂ ਦਾ ਮੁਫਤ ਪ੍ਰਕਾਸ਼ਨ ਡਾਊਨਲੋਡ ਕਰੋ ਜਾਂ ਬੀ ਸੀ ਹਾਊਸਿੰਗ ਦੀ ਲਾਇਸੈਂਸਿੰਗ ਐਂਡ ਕਨਜ਼ਿਊਮਰ ਸਰਵਿਸਿਜ਼ ਸ਼ਾਖਾ ਨਾਲ ਸੰਪਰਕ ਕਰੋ।

ਹੋਰ ਜਾਣੋ

ਘਰ ਮਾਲਕ ਅਤੇ ਘਰ ਖਰੀਦਦਾਰ ਬਾਰੇ ਹੋਰ ਜਾਣਕਾਰੀ ਲਈ www.bchousing.org ‘ਤੇ ਜਾਓ ਜਾਂ ਸਾਨੂੰ ਕਾਲ ਕਰੋ।

ਬੀ ਸੀ ਹਾਊਸਿੰਗ ਦੀਆਂ ਖ਼ਬਰਾਂ ਬਾਰੇ ਅੱਪ-ਟੂ-ਡੇਟ ਰਹਿਣ ਲਈ ਤੁਸੀਂ ਸਾਨੂੰ ਫਾਲੋ ਕਰ ਸਕਦੇ ਹੋ: 𝕏 @RegistrarBCH

Licensing & Consumer Services
Branch of BC Housing

203 – 4555 Kingsway
Burnaby, BC V5H 4T8

ਟੈਲੀਫ਼ੋਨ: 604-646-7050
ਟੋਲ-ਫਰੀ: 1-800-407-7757
ਫੈਕਸ: 604-646-7051

ਈਮੇਲ: licensinginfo@bchousing.org
𝕏 @RegistrarBCH

www.bchousing.org

BC HOUSING

© 03/2018 BC Housing
[Punjabi]